

# ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾ, ਅੱਜੋਵਾਲ

ਇਹ ਸੰਸਥਾ ਹੁਸ਼ਿਆਰਪੁਰ ਤੋਂ 7 ਕਿਲੋਮੀਟਰ ਦੀ ਦੂਰੀ ਤੇ ਮਹਿੰਗਰੋਵਾਲ ਰੋਡ ਤੇ ਪਿੰਡ ਅੱਜੋਵਾਲ ਵਿਖੇ 1993 ਤੋਂ ਚਲ ਰਹੀ ਹੈ। ਇੱਥੇ ਐਲੀਮੈਂਟਰੀ ਟੀਚਰ ਟ੍ਰੇਨਿੰਗ ਦਾ 2 ਸਾਲ (ਚਾਰ ਸਮੈਸਟਰ) ਦਾ ਕੋਰਸ ਹੁੰਦਾ ਹੈ। ਇਸ ਕੋਰਸ ਲਈ ਘੱਟੋ-ਘੱਟ ਯੋਗਤਾ +2 ਹੈ, ਜਿਸ ਵਿੱਚ ਦਸਵੀਂ ਪੱਧਰ ਦੀ ਪੰਜਾਬੀ ਸਮੇਤ ਸਾਇੰਸ ਵਿਸ਼ੇ ਵਿਚ ਪਾਸ ਹੋਣਾ ਜ਼ਰੂਰੀ ਹੈ। ਜਨਰਲ ਕੈਟਾਗਰੀ ਲਈ 50% ਨੰਬਰ ਅਤੇ ਐਸ.ਸੀ. ਕੈਟਾਗਰੀ ਲਈ 45% ਨੰਬਰ ਹੋਣੇ ਜ਼ਰੂਰੀ ਹਨ। ਇਸ ਕੋਰਸ ਲਈ ਉਮੀਦਵਾਰ ਦੀ ਘੱਟੋ-ਘੱਟ ਉਮਰ 17 ਸਾਲ ਅਤੇ ਵੱਧ ਤੋਂ ਵੱਧ 32 ਸਾਲ ਹੈ। ਐਸ.ਸੀ./ਬੀ.ਐਸ./ਐਸ.ਟੀ. ਉਮੀਦਵਾਰ ਨੂੰ 3 ਸਾਲ ਦੀ ਛੋਟ ਮਿਲਦੀ ਹੈ। ਇਸ ਕੋਰਸ ਲਈ 125 ਸੀਟਾਂ ਦਾ ਉਪਬੰਧ ਹੈ, ਜਿਸ ਵਿਚ 50% ਸੀਟਾਂ ਲੜਕਿਆਂ ਲਈ ਅਤੇ 50% ਸੀਟਾਂ ਲੜਕੀਆਂ ਲਈ ਰਾਖਵੀਆਂ ਹਨ। ਇਸ ਸਮੇਂ ਸੰਸਥਾ ਵਿੱਚ ਇਕ ਹੀ ਸਮੈਸਟਰ ਚੱਲ ਰਿਹਾ ਹੈ, ਜਿਸ ਵਿਚ ਵਿਦਿਆਰਥੀਆਂ ਦੀ ਗਿਣਤੀ 125 ਹੈ। ਅਖ਼ਬਾਰ ਵਿਚ ਵਿਗਿਆਪਨ ਦੇਣ ਉਪਰੰਤ ਦਾਖਲੇ ਲਈ ਐਂਟਰੈਂਸ ਟੈਸਟ ਲਿਆ ਜਾਂਦਾ ਹੈ। ਮੈਰਿਟ ਅਨੁਸਾਰ ਜ਼ਿਲ੍ਹਾ ਵਾਰ ਕੋਰਸ ਲਈ ਦਾਖਲਾ ਹੁੰਦਾ ਹੈ। ਇਸ ਸੰਸਥਾ ਵਿਚ ਹੇਠ ਲਿਖੇ ਅਨੁਸਾਰ ਬਰਾਂਚਾਂ ਕੰਮ ਕਰ ਰਹੀਆਂ ਹਨ:-

1. **ਪੀ.ਐਸ.ਟੀ.ਈ.**:- ਈ.ਟੀ.ਟੀ. ਸਿਖਿਆਰਥੀ ਅਧਿਆਪਕਾਂ ਨੂੰ ਵੱਖ-ਵੱਖ ਵਿਸ਼ਿਆਂ ਦੀ ਪੜ੍ਹਾਈ ਦਾ ਕੰਮ।
2. **ਆਈ.ਐਫ.ਆਈ.ਸੀ.**:- ਇੰਨ ਸਰਵਿਸ ਟੀਚਰਾਂ ਲਈ ਸੈਮੀਨਾਰਾਂ ਦਾ ਆਯੋਜਨ।
3. **ਸੀ.ਐਮ.ਡੀ.ਈ.**:- ਇੰਨ ਸਰਵਿਸ ਟੀਚਰਾਂ ਤੋਂ ਪਾਠ ਕਰਮ ਦੀ ਸਮੱਗਰੀ ਵਿਕਾਸ ਤੇ ਮੁਲੰਕਣ ਦਾ ਕੌਮੀ ਸੈਮੀਨਾਰ/ਵਰਕਸ਼ਾਪਾਂ ਰਾਹੀਂ ਕਰਵਾਇਆ ਜਾਂਦਾ ਹੈ। ਪ੍ਰਸ਼ਨ ਬੈਂਕ ਤਿਆਰ ਕਰਵਾਇਆ ਜਾਂਦਾ ਹੈ।
4. **ਈ.ਟੀ.**:- ਇੰਨ ਸਰਵਿਸ ਟੀਚਰਾਂ ਪਾਸੋਂ ਟੀ.ਐਲ.ਐਮ. (ਟੀਚਿੰਗ ਲਰਨਿੰਗ ਮੈਟੀਰੀਅਲ) ਗਰਾਂਟ ਰਾਹੀਂ ਟੀਚਿੰਗ ਏਡਜ਼ ਬਣਾਉਣ ਸਬੰਧੀ 5 ਰੋਜ਼ਾ ਵਰਕਸ਼ਾਪ ਲਗਾਤਾਰ ਲਗਾਏ ਜਾਂਦੇ ਹਨ, ਜਿਸ ਅਧੀਨ ਹਰ ਟੀਚਰ ਨੂੰ ਇਸ ਮੰਤਵ ਲਈ 500/- ਰੁ. ਦਿੱਤੇ ਜਾਂਦੇ ਹਨ।
5. **ਵਰਕ ਐਕਸਪੀਰੀਐਂਸ**:- ਇੰਨ ਸਰਵਿਸ ਟੀਚਰਾਂ ਨੂੰ ਵੇਸਟ ਮੈਟੀਰੀਅਲ ਤੋਂ ਵਰਤੋਂ ਯੋਗ ਸਮੱਗਰੀ ਬਣਾਉਣ ਲਈ ਵਰਕਸ਼ਾਪ/ਸੈਮੀਨਾਰ ਰਾਹੀਂ ਸਿੱਖਲਾਈ ਦਿੱਤੀ ਜਾਂਦੀ ਹੈ।
6. **ਪਲਾਨਿੰਗ ਤੇ ਮੈਨੇਜਮੈਂਟ**:- ਇੰਨ ਸਰਵਿਸ ਟੀਚਰਾਂ ਨੂੰ ਉਨ੍ਹਾਂ ਸਕੂਲਾਂ ਦੀ ਯੋਜਨਾ ਬੰਦੀ ਸਬੰਧੀ ਯੋਗ ਅਗਵਾਈ ਸੈਮੀਨਾਰਾਂ ਰਾਹੀਂ ਦਿੱਤੀ ਜਾਂਦੀ ਹੈ।